# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 02.12.2024 ਨੂੰ ਬਾਅਦ ਦੁਪਹਿਰ 3.00 ਵਜੇ ਸ਼੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ।

ਸ਼੍ਰੀ ਅਸ਼ੋਕ ਕੁਮਾਰ
ਕਾਰਜਕਾਰੀ ਮੇਅਰ-ਕਮ-
ਸੀਨੀਅਰ ਡਿਪਟੀ ਮੇਅਰ

ਸ਼੍ਰੀ ਨਵਜੋਤ ਪਾਲ ਸਿੰਘ ਰੰਧਾਵਾ, ਆਈ.ਏ.ਐਸ.
ਕਮਿਸ਼ਨਰ

ਸ਼੍ਰੀ ਬਲਜਿੰਦਰ ਸਿੰਘ
ਮੈਂਬਰ ਐਫ.ਐਂਡ ਸੀ.ਸੀ.

ਸ੍ਰ: ਹਰਮੰਦਰ ਸਿੰਘ - ਲੀਵ
ਡਿਪਟੀ ਮੇਅਰ

ਸ਼੍ਰੀਮਤੀ ਪ੍ਰਵੀਨ ਗਰਗ
ਮੈਂਬਰ ਐਫ.ਐਂਡ ਸੀ.ਸੀ.

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>704</td><td>ਏਜੰਡਾ ਨੰਬਰ 1 :<br><br>ਐਫ.ਐਂਡ ਸੀ.ਸੀ.ਦੀ ਮੀਟਿੰਗ ਮਿਤੀ 04.09.2024 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 04.09.2024 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>705</td><td>ਏਜੰਡਾ ਨੰ: 2:<br><br>ਰਿਪੋਰਟ ਸਟੋਰਕੀਪਰ ਕਿ ਨਗਰ ਨਿਗਮ ਦਫਤਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਜਾਰੀ ਹੋਏ ਫੰਡਾਂ ਵਿੱਚੋਂ 1127 ਸਫਾਈ ਸੇਵਕਾਂ ਲਈ Wind Sheeter ਜੈਕਟਾਂ ਦੀ ਖਰੀਦ ਕਰਨ ਲਈ ਜੈਮ ਪੋਰਟਲ ਤੇ ਟੈਂਡਰ ਕਾਲ ਕੀਤਾ ਗਿਆ। ਇਸ ਬਿੱਡ ਵਿੱਚ ਨਿਸ਼ਚਿਤ ਸਮੇਂ ਅਤੇ ਮਿਤੀ ਤੇ 06 ਫਰਮਾਂ ਵੱਲੋਂ ਹਿੱਸਾ ਲਿਆ ਗਿਆ। ਇਹ ਫਰਮਾਂ ਹੇਠ ਲਿਖੇ ਅਨੁਸਾਰ ਹਨ:-<br><br>
<table>
<tr><th>Sr.No.</th><th>Name of Firm</th><th>Accept/Reject</th><th>Amount</th></tr>
<tr><td>1</td><td>JSK ENTERPRISES</td><td>Accept</td><td>689724</td></tr>
<tr><td>2</td><td>M/S. K NINE APPARELS</td><td>Accept</td><td>614215</td></tr>
<tr><td>3</td><td>MAYA GLOBAL MARKET</td><td>Accept</td><td>1013173</td></tr>
<tr><td>4</td><td>SAURABH AGRO CHEMICALS</td><td>Accept</td><td>1408750</td></tr>
<tr><td>5</td><td>VINAYAK PRODUCT COMPANY</td><td>Accept</td><td>507150</td></tr>
<tr><td>6</td><td>SHAKTI ENGINEERING COMPANY</td><td>Accept</td><td>352751</td></tr>
</table>
<br>ਉਕਤ ਫਰਮਾਂ ਵੱਲੋ ਬਿੱਡ ਟਾਈਮ ਐਕਸਟੇਂਸ਼ਨ ਪ੍ਰਵਾਨ ਕਰ ਲਿਆ ਗਿਆ ਹੈ ਅਤੇ ਫਰਮਾਂ ਵੱਲੋਂ ਟੈਕਨੀਕਲ ਬਿੱਡ ਵਿੱਚ ਪ੍ਰਾਪਤ ਹੋਏ ਦਸਤਾਵੇਜ਼ ਯੋਗ ਹਨ। ਹੁਣ ਫਾਇਨੈਂਸ਼ਲ ਬਿੱਡ ਖੋਲੀ ਗਈ ਹੈ। ਜਿਸ ਵਿੱਚ ਫਰਮ ਸ਼ਕਤੀ ਇੰਜੀਨੀਅਰਿੰਗ ਕੰਪਨੀ ਐਲ-1 ਵੱਲੋਂ ਇਹ ਇਹ ਜੈਕਟਾਂ ਮੁਬਲਿਗ 3,52,751/- ਰੁਪਏ ਵਿੱਚ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਐਫ.ਐਂਡ ਸੀ.ਸੀ. ਤੋਂ ਪ੍ਰਵਾਨਗੀ ਦੀ ਆਸ ਵਿੱਚ ਮਿਤੀ 27.11.2024 ਨੂੰ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਐਫ.ਐਂਡ ਸੀ.ਸੀ. ਦੀ ਜਾਣਕਾਰੀ ਹਿੱਤ।</td><td>ਪ੍ਰਵਾਨ ਹੈ।</td></tr>
<tr><td>3</td><td>706</td><td>ਏਜੰਡਾ ਨੰ: 3:<br><br>ਰਿਪੋਰਟ ਸਟੋਰਕੀਪਰ ਕਿ ਨਗਰ ਨਿਗਮ ਦਫਤਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਜਾਰੀ ਹੋਏ ਫੰਡਾਂ ਵਿੱਚੋਂ 1127 ਪੀਸ ਟੀ-ਸ਼ਰਟਸ ਸਫਾਈ ਸੇਵਕਾਂ ਲਈ ਖਰੀਦ ਕਰਨ ਲਈ ਜੈਮ ਪੋਰਟਲ ਤੇ ਬਿਡ ਨੰਬਰ GEM/2024/B/5213478 ਕਾਲ ਕੀਤੀ ਗਈ ਸੀ। ਨਿਸ਼ਚਿਤ ਸਮੇਂ ਅਤੇ ਮਿਤੀ ਤੇ 9 ਫਰਮਾਂ ਵੱਲੋਂ ਇਸ ਬਿੱਡ ਵਿੱਚ ਹਿੱਸਾ ਲਿਆ ਗਿਆ। ਫਾਇਨੈਂਸ਼ਲ ਬਿਡ ਖੋਲਣ ਉਪਰੰਤ</td><td></td></tr>
</table>

| | | | |
|---|---|---|---|
| | | ਫਰਮਾਂ ਦੇ ਪ੍ਰਾਪਤ ਹੋਏ ਰੇਟਾਂ ਦਾ ਵੇਰਵਾ ਹੇਠ ਅਨੁਸਾਰ ਹੈ:-<br><br>(ਫਰਮਾਂ ਦੇ ਰੇਟਾਂ ਦੀ ਸਾਰਣੀ ਹੇਠਾਂ ਦਿੱਤੀ ਗਈ ਹੈ)<br><br>ਉਕਤ ਅਨੁਸਾਰ ਫਰਮ ਐਲ-1 Manak Moti Industries Ltd. ਤ੍ਰੱਲੋਂ 1127 ਪੀਸ ਟੀ-ਸ਼ਰਟਸ ਮੁਬਲਿਗ 2,14,130/- ਰੁਪਏ (1127 ਟੀ ਸ਼ਰਟਸ @ 190/- ਰੁਪਏ ਪ੍ਰਤੀ ਪੀਸ) ਵਿੱਚ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਬਿਡ ਵਿੱਚ ਸਪੈਸੀਫਿਕਸ਼ਨਜ਼ ਅਨੁਸਾਰ ਫਰਮ ਵੱਲੋਂ ਟੀ-ਸ਼ਰਟ ਦਾ ਐਡਵਾਂਸ ਸੈਂਪਲ ਵੀ ਭੇਜਿਆ ਗਿਆ ਸੀ। ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਐਫ.ਐਂਡ ਸੀ.ਸੀ. ਤੋਂ ਪ੍ਰਵਾਨਗੀ ਦੀ ਆਸ ਵਿੱਚ ਮਿਤੀ 27.11.2024 ਨੂੰ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਐਫ.ਐਂਡ ਸੀ.ਸੀ. ਦੀ ਜਾਣਕਾਰੀ ਹਿੱਤ। | **ਪ੍ਰਵਾਨ ਹੈ।** |
| 4 | 707 | <u>**ਏਜੰਡਾ ਨੰ: 4:**</u><br>ਰਿਪੋਰਟ ਸਟੋਰਕੀਪਰ ਕਿ ਸੜਕਾਂ ਦੀ ਮੁਰਮੰਤ ਲਈ Road Bond Crushed Mineral Readymade Bituminous Pothhole Patching Mix ਦੀ ਖਰੀਦ ਕਰਨ ਲਈ ਜੈਮ ਪੋਰਟਲ ਤੇ ਬਿੱਡ ਲਗਾਈ ਗਈ ਸੀ, ਜਿਸ ਵਿੱਚ ਹੇਠ ਲਿਖੇ ਅਨੁਸਾਰ 9 ਫਰਮਾਂ ਵੱਲੋਂ ਹਿੱਸਾ ਲਿਆ ਹੈ:<br><br>1. Empyrean Global<br>2. G.P. International<br>3. Goyal Construction Co.<br>4. Miri Ram Gian Chand<br>5. Park and Co.<br>6. Shakti Engineering Company<br>7. Shambho Enterprises<br>8. Tiki Tar Industries<br>9. Verma Industries | |

| ਲੜੀ ਨੰ: | ਫਰਮ ਦਾ ਨਾਮ | ਪ੍ਰਾਪਤ ਹੋਏ ਰੇਟ |
|---|---|---|
| 1 | Manak Moti Industries Ltd. | 214130 |
| 2 | Shakti Engineering Company | 241178 |
| 3 | GLBM | 242305 |
| 4 | GL Industries | 249067 |
| 5 | M/s. Krishna Sports | 281750 |
| 6 | Sanwariya Creations | 395577 |
| 7 | Zaro India | 421272 |
| 8 | VKC Group | 732550 |
| 9 | Infinity Vision | 1690500 |

<table>
<tr><td></td><td></td><td>ਇਹਨਾਂ ਪ੍ਰਾਪਤ ਹੋਈਆਂ ਫਰਮਾਂ ਦੀ ਟੈਕਨੀਕਲ ਬਿੱਡ ਚੈਕ ਕੀਤੀ ਗਈ, ਜਿਸ ਵਿੱਚ 02 ਫਰਮਾਂ Verma Industries ਅਤੇ Miri Ram Gian Chand ਯੋਗ ਪਾਈਆਂ ਗਈਆਂ। ਇੰਨ੍ਹਾਂ ਫਰਮਾਂ ਦੀ ਫਾਇਨੈਂਸ਼ਲ ਬਿੱਡ ਖੋਲੀ ਗਈ ਜਿਸ ਵਿੱਚ ਐਲ-1 ਫਰਮ Verma Industries ਦੁਆਰਾ 141000 ਕਿਲੋ Road Bond Crushed Mineral Readymade Bituminous Pothhole Patching Mix 1974000/- ਰੁਪਏ ਵਿੱਚ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ।ਪ੍ਰਾਪਤ ਹੋਏ ਰੇਟ ਪ੍ਰਵਾਨ ਕਰਵਾਉਣ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>5</td><td>708</td><td><u>ਏਜੰਡਾ ਨੰਬਰ 5 :</u><br><br>ਰਿਪੋਰਟ ਰੈਂਟ ਸ਼ਾਖਾ ਕਿ ਨਗਰ ਨਿਗਮ ਵੱਲੋਂ ਦੁਕਾਨ ਨੰਬਰ 1, ਆਲ ਇੰਡੀਆ ਵੂਮੈਨ ਕਾਨਫਰੰਸ ਦੀ ਈ-ਆਕਸ਼ਨ ਨੰਬਰ MCB/2024-25/01 ਮਿਤੀ 18.09.2024 ਰਾਹੀਂ www.tenderwizard.com/DLGP ਤੇ ਈ-ਆਕਸ਼ਨ ਰੱਖੀ ਗਈ ਸੀ, ਜਿਸ ਵਿੱਚ ਰਜਿਸਟਰੇਸ਼ਨ ਦੀ ਆਖਰੀ ਮਿਤੀ 09.10.2024 ਨੂੰ ਸਵੇਰੇ 11.00 ਵਜੇ ਤੱਕ ਸੀ। ਇਸ ਵਿੱਚ ਈ-ਆਕਸ਼ਨ ਲਈ ਹੇਠ ਲਿਖੇ ਪ੍ਰਾਪਤ ਹੋਏ ਯੋਗ ਬੋਲੀਕਾਰਾਂ ਲਈ www.tenderwizard.com/DLGP ਤੇ ਨਗਰ ਨਿਗਮ ਵੱਲੋਂ ਮਿਤੀ 10.10.2024 ਤੋਂ 12.10.2024 ਨੂੰ ਸਵੇਰੇ 11.00 ਵਜੇ ਤੱਕ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ। ਬੋਲੀਕਾਰਾਂ ਵੱਲੋਂ ਦਿੱਤੀ ਗਈ ਆਕਸ਼ਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><br>
<table>
<tr><th>ਲੜੀ ਨੰ:</th><th>ਬੋਲੀਕਾਰ ਦਾ ਨਾਮ</th><th>ਰਿਜ਼ਰਵ ਕੀਮਤ</th><th>ਦਿੱਤੀ ਗਈ ਆਕਸ਼ਨ</th></tr>
<tr><td>1.</td><td>Honey Kumar</td><td>5406.00</td><td>6006.00</td></tr>
<tr><td>2.</td><td>Ranveer Singh</td><td>5406.00</td><td>5906.00</td></tr>
<tr><td>3.</td><td>Sarandeep Singla</td><td>5406.00</td><td>5506.00</td></tr>
</table>
<br>ਉਕਤ ਅਨੁਸਾਰ ਸੱਭ ਤੋਂ ਵੱਧ ਬੋਲੀ ਸ਼੍ਰੀ ਹਨੀ ਕੁਮਾਰ ਵੱਲੋਂ ਮੁਬਲਿਗ 6006/- ਰੁਪਏ ਦਿੱਤੀ ਗਈ ਹੈ। ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਪਾਸ ਪੇਸ਼ ਹੈ ਜੀ।</td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਨਗਰ ਨਿਗਮ ਐਕਟ 1976 ਅਤੇ ਸਰਕਾਰ ਦੀਆਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਕਿਰਾਏ ਵਿੱਚ ਵਾਧਾ ਵੀ ਕੀਤਾ ਜਾਵੇ।</td></tr>
<tr><td>6</td><td>709</td><td><u>ਏਜੰਡਾ ਨੰਬਰ 6 :</u><br><br>ਰਿਪੋਰਟ ਰੈਂਟ ਸ਼ਾਖਾ ਕਿ ਨਗਰ ਨਿਗਮ ਵੱਲੋਂ ਦੁਕਾਨ ਨੰਬਰ 2, ਆਲ ਇੰਡੀਆ ਵੂਮੈਨ ਕਾਨਫਰੰਸ ਦੀ ਈ-ਆਕਸ਼ਨ ਨੰ: MCB/2024-25/01 ਮਿਤੀ 15.07.2024 ਰਾਹੀਂ ਈ-ਆਕਸ਼ਨ ਲਗਾਈ ਗਈ ਸੀ। ਜਿਸ ਵਿੱਚ ਸੱਭ ਤੋਂ ਵੱਧ ਬੋਲੀ 4138/- ਰੁਪਏ ਦੀ ਪ੍ਰਾਪਤ ਹੋਈ ਸੀ। ਇਸ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਵਿੱਚ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਪਰੰਤੂ ਐਫ.ਐਂਡ ਸੀ.ਸੀ. ਵੱਲੋਂ ਆਪਣੇ ਮਤਾ ਨੰਬਰ 684 ਮਿਤੀ 04.09.2024 ਰਾਹੀਂ ਪ੍ਰਵਾਨ ਕੀਤਾ ਗਿਆ ਕਿ ਦੁਕਾਨਾਂ ਦੀ ਲੋਕੇਸ਼ਨ ਨੂੰ ਦੇਖਦੇ ਹੋਏ ਇੰਨ੍ਹਾਂ ਦੁਕਾਨਾਂ ਦੀ ਬੋਲੀ ਮੁੜ੍ਹ ਤੋਂ ਆਕਸ਼ਨ ਲਗਾਈ ਜਾਵੇ।</td><td></td></tr>
</table>

<table>
<tr>
<td></td>
<td></td>
<td>
ਉਕਤ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਉਂਦੇ ਹੋਏ ਦੁਕਾਨਾਂ ਦੀ www.tenderwizard.com/DLGP ਤੇ ਈ-ਆਕਸ਼ਨ ਨੰਬਰ MCB/2024-25/02 ਮਿਤੀ 18.09.2024 ਰਾਹੀਂ ਮੁੜ੍ਹ ਤੋਂ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ, ਜਿਸ ਵਿੱਚ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 09.10.2024 ਨੂੰ ਸਵੇਰੇ 11.00 ਵਜੇ ਤੱਕ ਸੀ। ਇਸ ਵਿੱਚ ਈ-ਆਕਸ਼ਨ ਲਈ ਹੇਠ ਲਿਖੇ ਪ੍ਰਾਪਤ ਹੋਏ ਯੋਗ ਬੋਲੀਕਾਰਾਂ ਲਈ www.tenderwizard.com/DLGP ਤੇ ਨਗਰ ਨਿਗਮ ਵੱਲੋਂ ਮਿਤੀ 10.10.2024 ਤੋਂ 12.10.2024 ਨੂੰ ਸਵੇਰੇ 11.00 ਵਜੇ ਤੱਕ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ। ਬੋਲੀ ਦੀਆਂ ਸ਼ਰਤਾਂ ਅਨੁਸਾਰ ਆਖਰੀ 10 ਮਿਨਟ ਬਾਕੀ ਰਹਿੰਦੇ ਜੇਕਰ ਕੋਈ ਬੋਲੀਕਾਰ ਬੋਲੀ ਦਿੰਦਾ ਹੈ ਤਾਂ ਬੋਲੀ ਦਾ ਸਮਾਂ 30 ਮਿਨਟ ਵੱਧ ਜਾਵੇਗਾ। ਇਸ ਲਈ ਉਕਤ ਬੋਲੀ ਦਾ ਸਮਾਂ 11.00 ਵਜੇ ਤੋਂ 11.30 ਵਜੇ ਦਾ ਹੋ ਗਿਆ, ਜਿਸ ਵਿੱਚ ਬੋਲੀਕਾਰਾਂ ਵੱਲੋਂ ਦਿੱਤੀ ਗਈ ਆਕਸ਼ਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਬੋਲੀਕਾਰ ਦਾ ਨਾਮ</th><th>ਰਿਜ਼ਰਵ ਕੀਮਤ</th><th>ਦਿੱਤੀ ਗਈ ਆਕਸ਼ਨ</th></tr>
<tr><td>1.</td><td>Pankaj Kumar</td><td>3738.00</td><td>4938.00</td></tr>
<tr><td>2.</td><td>Akshay Bansal</td><td>3738.00</td><td>4738.00</td></tr>
<tr><td>3.</td><td>Umesh Kumar</td><td>3738.00</td><td>4338.00</td></tr>
</table>
ਉਕਤ ਅਨੁਸਾਰ ਸੱਭ ਤੋਂ ਵੱਧ ਬੋਲੀ ਸ਼੍ਰੀ ਪੰਕਜ ਕੁਮਾਰ ਵੱਲੋਂ ਮੁਬਲਿਗ 4938/- ਰੁਪਏ ਦਿੱਤੀ ਗਈ ਹੈ, ਜੋ ਕਿ ਪੁਰਾਣੀ ਆਕਸ਼ਨ ਵਿੱਚ ਪ੍ਰਾਪਤ ਹੋਈ ਬੋਲੀ ਨਾਲੋਂ 19.33% ਵੱਧ ਹੈ। ਉਕਤ ਨੂੰ ਮੁੱਖ ਰੱਖਦੇ ਹੋਏ ਪ੍ਰਾਪਤ ਹੋਈ ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਪਾਸ ਪੇਸ਼ ਹੈ ਜੀ।
</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਨਗਰ ਨਿਗਮ ਐਕਟ 1976 ਅਤੇ ਸਰਕਾਰ ਦੀਆਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਕਿਰਾਏ ਵਿੱਚ ਵਾਧਾ ਵੀ ਕੀਤਾ ਜਾਵੇ।</td>
</tr>
<tr>
<td>7</td>
<td>710</td>
<td>
<u>ਏਜੰਡਾ ਨੰਬਰ 7 :</u><br>
ਰਿਪੋਰਟ ਰੈਂਟ ਸ਼ਾਖਾ ਕਿ ਨਗਰ ਨਿਗਮ ਵੱਲੋਂ ਦੁਕਾਨ ਨੰਬਰ 3, ਆਲ ਇੰਡੀਆ ਵੂਮੈਨ ਕਾਨਫਰੰਸ ਦੀ ਈ-ਆਕਸ਼ਨ ਨੰ: MCB/2024-25/01 ਮਿਤੀ 15.07.2024 ਰਾਹੀਂ ਈ-ਆਕਸ਼ਨ ਲਗਾਈ ਗਈ ਸੀ। ਜਿਸ ਵਿੱਚ ਸੱਭ ਤੋਂ ਵੱਧ ਬੋਲੀ 4028/- ਰੁਪਏ ਦੀ ਪ੍ਰਾਪਤ ਹੋਈ ਸੀ। ਇਸ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਵਿੱਚ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਪਰੰਤੂ ਐਫ.ਐਂਡ ਸੀ.ਸੀ. ਵੱਲੋਂ ਆਪਣੇ ਮਤਾ ਨੰਬਰ 684 ਮਿਤੀ 04.09.2024 ਰਾਹੀਂ ਪ੍ਰਵਾਨ ਕੀਤਾ ਗਿਆ ਕਿ ਦੁਕਾਨਾਂ ਦੀ ਲੋਕੇਸ਼ਨ ਨੂੰ ਦੇਖਦੇ ਹੋਏ ਇੰਨ੍ਹਾਂ ਦੁਕਾਨਾਂ ਦੀ ਬੋਲੀ ਮੁੜ੍ਹ ਤੋਂ ਆਕਸ਼ਨ ਲਗਾਈ ਜਾਵੇ।<br>
ਉਕਤ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਉਂਦੇ ਹੋਏ ਦੁਕਾਨਾਂ ਦੀ www.tenderwizard.com/DLGP ਤੇ ਈ-ਆਕਸ਼ਨ ਨੰਬਰ MCB/2024-25/02 ਮਿਤੀ 18.09.2024 ਰਾਹੀਂ ਮੁੜ੍ਹ ਤੋਂ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ, ਜਿਸ ਵਿੱਚ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 09.10.2024 ਨੂੰ ਸਵੇਰੇ 11.00 ਵਜੇ ਤੱਕ ਸੀ। ਇਸ ਵਿੱਚ ਈ-ਆਕਸ਼ਨ ਲਈ ਹੇਠ ਲਿਖੇ ਪ੍ਰਾਪਤ ਹੋਏ ਯੋਗ ਬੋਲੀਕਾਰਾਂ ਲਈ www.tenderwizard.com/DLGP ਤੇ ਨਗਰ ਨਿਗਮ ਵੱਲੋਂ ਮਿਤੀ 10.10.2024 ਤੋਂ 12.10.2024 ਨੂੰ ਸਵੇਰੇ 11.00 ਵਜੇ ਤੱਕ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ। ਬੋਲੀਕਾਰਾਂ ਵੱਲੋਂ ਦਿੱਤੀ ਗਈ ਆਕਸ਼ਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
</td>
<td></td>
</tr>
</table>

<table>
<tr>
<td></td>
<td></td>
<td>
<table>
<tr><th>ਲੜੀ ਨੰ:</th><th>ਬੋਲੀਕਾਰ ਦਾ ਨਾਮ</th><th>ਰਿਜ਼ਰਵ ਕੀਮਤ</th><th>ਦਿੱਤੀ ਗਈ ਆਕਸ਼ਨ</th></tr>
<tr><td>1.</td><td>Nitish Garg</td><td>3628.00</td><td>5128.00</td></tr>
<tr><td>2.</td><td>Deepak Bansal</td><td>3628.00</td><td>4828.00</td></tr>
<tr><td>3.</td><td>Lovneesh</td><td>3628.00</td><td>3928.00</td></tr>
</table>
ਉਕਤ ਅਨੁਸਾਰ ਸੱਭ ਤੋਂ ਵੱਧ ਬੋਲੀ ਸ਼੍ਰੀ ਨਿਤਿਸ਼ ਗਰਗ ਵੱਲੋਂ ਮੁਬਲਿਗ 5128/- ਰੁਪਏ ਦਿੱਤੀ ਗਈ ਹੈ, ਜੋ ਕਿ ਪੁਰਾਣੀ ਆਕਸ਼ਨ ਵਿੱਚ ਪ੍ਰਾਪਤ ਹੋਈ ਬੋਲੀ ਨਾਲੋਂ 27.30% ਵੱਧ ਹੈ। ਉਕਤ ਨੂੰ ਮੁੱਖ ਰੱਖਦੇ ਹੋਏ ਪ੍ਰਾਪਤ ਹੋਈ ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਪਾਸ ਪੇਸ਼ ਹੈ ਜੀ।
</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਨਗਰ ਨਿਗਮ ਐਕਟ 1976 ਅਤੇ ਸਰਕਾਰ ਦੀਆਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਕਿਰਾਏ ਵਿੱਚ ਵਾਧਾ ਵੀ ਕੀਤਾ ਜਾਵੇ।</td>
</tr>
<tr>
<td>8</td>
<td>711</td>
<td>
<u>ਏਜੰਡਾ ਨੰਬਰ 8 :</u><br><br>
ਰਿਪੋਰਟ ਰੈਂਟ ਸ਼ਾਖਾ ਕਿ ਨਗਰ ਨਿਗਮ ਵੱਲੋਂ ਦੁਕਾਨ ਨੰਬਰ 4, ਆਲ ਇੰਡੀਆ ਵੂਮੈਨ ਕਾਨਫਰੰਸ ਦੀ ਈ-ਆਕਸ਼ਨ ਨੰ: MCB/2024-25/01 ਮਿਤੀ 15.07.2024 ਰਾਹੀਂ ਈ-ਆਕਸ਼ਨ ਲਗਾਈ ਗਈ ਸੀ। ਜਿਸ ਵਿੱਚ ਸੱਭ ਤੋਂ ਵੱਧ ਬੋਲੀ 4028/- ਰੁਪਏ ਦੀ ਪ੍ਰਾਪਤ ਹੋਈ ਸੀ। ਇਸ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਵਿੱਚ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਪਰੰਤੂ ਐਫ.ਐਂਡ ਸੀ.ਸੀ. ਵੱਲੋਂ ਆਪਣੇ ਮਤਾ ਨੰਬਰ 684 ਮਿਤੀ 04.09.2024 ਰਾਹੀਂ ਪ੍ਰਵਾਨ ਕੀਤਾ ਗਿਆ ਕਿ ਦੁਕਾਨਾਂ ਦੀ ਲੋਕੇਸ਼ਨ ਨੂੰ ਦੇਖਦੇ ਹੋਏ ਇੰਨ੍ਹਾਂ ਦੁਕਾਨਾਂ ਦੀ ਬੋਲੀ ਮੁੜ੍ਹ ਤੋਂ ਆਕਸ਼ਨ ਲਗਾਈ ਜਾਵੇ।<br><br>
ਉਕਤ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਉਂਦੇ ਹੋਏ ਦੁਕਾਨਾਂ ਦੀ www.tenderwizard.com/DLGP ਤੇ ਈ-ਆਕਸ਼ਨ ਨੰਬਰ MCB/2024-25/02 ਮਿਤੀ 18.09.2024 ਰਾਹੀਂ ਮੁੜ੍ਹ ਤੋਂ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ, ਜਿਸ ਵਿੱਚ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 09.10.2024 ਨੂੰ ਸਵੇਰੇ 11.00 ਵਜੇ ਤੱਕ ਸੀ। ਇਸ ਵਿੱਚ ਈ-ਆਕਸ਼ਨ ਲਈ ਹੇਠ ਲਿਖੇ ਪ੍ਰਾਪਤ ਹੋਏ ਯੋਗ ਬੋਲੀਕਾਰਾਂ ਲਈ www.tenderwizard.com/DLGP ਤੇ ਨਗਰ ਨਿਗਮ ਵੱਲੋਂ ਮਿਤੀ 10.10.2024 ਤੋਂ 12.10.2024 ਨੂੰ ਸਵੇਰੇ 11.00 ਵਜੇ ਤੱਕ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ। ਬੋਲੀਕਾਰਾਂ ਵੱਲੋਂ ਦਿੱਤੀ ਗਈ ਆਕਸ਼ਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਬੋਲੀਕਾਰ ਦਾ ਨਾਮ</th><th>ਰਿਜ਼ਰਵ ਕੀਮਤ</th><th>ਦਿੱਤੀ ਗਈ ਆਕਸ਼ਨ</th></tr>
<tr><td>1.</td><td>Deepak Bansal</td><td>3628.00</td><td>4928.00</td></tr>
<tr><td>2.</td><td>Sanjay Bansal</td><td>3628.00</td><td>4628.00</td></tr>
<tr><td>3.</td><td>Sarandeep Singla</td><td>3628.00</td><td>3828.00</td></tr>
<tr><td>4.</td><td>Ashu Raja</td><td>3628.00</td><td>3728.00</td></tr>
</table>
</td>
<td></td>
</tr>
</table>

<table>
<tr><td></td><td></td><td>ਉਕਤ ਅਨੁਸਾਰ ਸੱਭ ਤੋਂ ਵੱਧ ਬੋਲੀ ਸ਼੍ਰੀ ਦੀਪਕ ਬਾਂਸਲ ਵੱਲੋਂ ਮੁਬਲਿਗ 4928/- ਰੁਪਏ ਦਿੱਤੀ ਗਈ ਹੈ, ਜੋ ਕਿ ਪੁਰਾਣੀ ਆਕਸ਼ਨ ਵਿੱਚ ਪ੍ਰਾਪਤ ਹੋਈ ਬੋਲੀ ਨਾਲੋਂ 19.38% ਵੱਧ ਹੈ। ਉਕਤ ਨੂੰ ਮੁੱਖ ਰੱਖਦੇ ਹੋਏ ਪ੍ਰਾਪਤ ਹੋਈ ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਪਾਸ ਪੇਸ਼ ਹੈ ਜੀ।</td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਨਗਰ ਨਿਗਮ ਐਕਟ 1976 ਅਤੇ ਸਰਕਾਰ ਦੀਆਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਕਿਰਾਏ ਵਿੱਚ ਵਾਧਾ ਵੀ ਕੀਤਾ ਜਾਵੇ।</td></tr>
<tr><td>9</td><td>712</td><td><u>ਏਜੰਡਾ ਨੰਬਰ 9 :</u><br><br>ਰਿਪੋਰਟ ਰੈਂਟ ਸ਼ਾਖਾ ਕਿ ਨਗਰ ਨਿਗਮ ਵੱਲੋਂ ਦੁਕਾਨ ਨੰਬਰ 12, ਪਹਿਲੀ ਮੰਜ਼ਿਲ ਗੋਲ ਡਿੱਗੀ ਦੀ ਈ-ਆਕਸ਼ਨ ਨੰਬਰ MCB/2024-25/02 ਮਿਤੀ ਮਿਤੀ 18.09.2024 ਰਾਹੀਂ www.tenderwizard.com/DLGP ਤੇ ਈ-ਆਕਸ਼ਨ ਰੱਖੀ ਗਈ ਸੀ, ਜਿਸ ਵਿੱਚ ਰਜਿਸਟਰੇਸ਼ਨ ਦੀ ਆਖਰੀ ਮਿਤੀ 09.10.2024 ਨੂੰ ਸਵੇਰੇ 11.00 ਵਜੇ ਤੱਕ ਸੀ। ਇਸ ਵਿੱਚ ਈ-ਆਕਸ਼ਨ ਲਈ ਹੇਠ ਲਿਖੇ ਪ੍ਰਾਪਤ ਹੋਏ ਯੋਗ ਬੋਲੀਕਾਰਾਂ ਲਈ www.tenderwizard.com/DLGP ਤੇ ਨਗਰ ਨਿਗਮ ਵੱਲੋਂ ਮਿਤੀ 10.10.2024 ਤੋਂ 12.10.2024 ਨੂੰ ਸਵੇਰੇ 11.00 ਵਜੇ ਤੱਕ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ। ਬੋਲੀਕਾਰਾਂ ਵੱਲੋਂ ਦਿੱਤੀ ਗਈ ਆਕਸ਼ਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><br><table><tr><th>ਲੜੀ ਨੰ:</th><th>ਬੋਲੀਕਾਰ ਦਾ ਨਾਮ</th><th>ਰਿਜ਼ਰਵ ਕੀਮਤ</th><th>ਦਿੱਤੀ ਗਈ ਆਕਸ਼ਨ</th></tr><tr><td>1.</td><td>JST Dianostics Pvt. Ltd.</td><td>6097.00</td><td>6597.00</td></tr><tr><td>2.</td><td>Jagtar Singh</td><td>6097.00</td><td>6497.00</td></tr><tr><td>3.</td><td>Charanjit Singh</td><td>6097.00</td><td>6297.00</td></tr></table>ਉਕਤ ਅਨੁਸਾਰ ਸੱਭ ਤੋਂ ਵੱਧ ਬੋਲੀ JST Dianostics Pvt. Ltd. ਵੱਲੋਂ ਮੁਬਲਿਗ 6597/- ਰੁਪਏ ਦਿੱਤੀ ਗਈ ਹੈ। ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਪਾਸ ਪੇਸ਼ ਹੈ ਜੀ।</td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਨਗਰ ਨਿਗਮ ਐਕਟ 1976 ਅਤੇ ਸਰਕਾਰ ਦੀਆਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਕਿਰਾਏ ਵਿੱਚ ਵਾਧਾ ਵੀ ਕੀਤਾ ਜਾਵੇ।</td></tr>
<tr><td>10</td><td>713</td><td><u>ਏਜੰਡਾ ਨੰਬਰ 10 :</u><br><br>ਰਿਪੋਰਟ ਰੈਂਟ ਸ਼ਾਖਾ ਕਿ ਨਗਰ ਨਿਗਮ ਵੱਲੋਂ ਚਿਲਡਰਨ ਪਾਰਕ ਕੰਨਟੀਨ ਦੀ ਈ-ਆਕਸ਼ਨ ਨੰਬਰ MCB/2024-25/02 ਮਿਤੀ ਮਿਤੀ 18.09.2024 ਰਾਹੀਂ www.tenderwizard.com/DLGP ਤੇ ਈ-ਆਕਸ਼ਨ ਰੱਖੀ ਗਈ ਸੀ, ਜਿਸ ਵਿੱਚ ਰਜਿਸਟਰੇਸ਼ਨ ਦੀ ਆਖਰੀ ਮਿਤੀ 09.10.2024 ਨੂੰ ਸਵੇਰੇ 11.00 ਵਜੇ ਤੱਕ ਸੀ। ਇਸ ਵਿੱਚ ਈ-ਆਕਸ਼ਨ ਲਈ ਹੇਠ ਲਿਖੇ ਪ੍ਰਾਪਤ ਹੋਏ ਯੋਗ ਬੋਲੀਕਾਰਾਂ ਲਈ www.tenderwizard.com/DLGP ਤੇ ਨਗਰ ਨਿਗਮ ਵੱਲੋਂ ਮਿਤੀ 10.10.2024 ਤੋਂ 12.10.2024 ਨੂੰ ਸਵੇਰੇ 11.00 ਵਜੇ ਤੱਕ ਆਨ-ਲਾਈਨ ਈ-ਆਕਸ਼ਨ ਰੱਖੀ ਗਈ ਸੀ। ਬੋਲੀਕਾਰਾਂ ਵੱਲੋਂ ਦਿੱਤੀ ਗਈ ਆਕਸ਼ਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-</td><td></td></tr>
</table>

<table>
<tr><td></td><td></td><td>
<table>
<tr><th>ਲੜੀ ਨੰ:</th><th>ਬੋਲੀਕਾਰ ਦਾ ਨਾਮ</th><th>ਰਿਜ਼ਰਵ ਕੀਮਤ</th><th>ਦਿੱਤੀ ਗਈ ਆਕਸ਼ਨ</th></tr>
<tr><td>1.</td><td>Lovepreet Singh</td><td>60000.00</td><td>61500.00</td></tr>
<tr><td>2.</td><td>Ashu Raja</td><td>60000.00</td><td>61000.00</td></tr>
<tr><td>3.</td><td>Lovneesh</td><td>60000.00</td><td>60500.00</td></tr>
</table>
ਉਕਤ ਅਨੁਸਾਰ ਸੱਭ ਤੋਂ ਵੱਧ ਬੋਲੀ ਸ਼੍ਰੀ ਲਵਪ੍ਰੀਤ ਸਿੰਘ ਵੱਲੋਂ ਮੁਬਲਿਗ 61500/- ਰੁਪਏ ਦਿੱਤੀ ਗਈ ਹੈ। ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਪਾਸ ਪੇਸ਼ ਹੈ ਜੀ।
</td><td>ਪ੍ਰਵਾਨ ਹੈ।</td></tr>
<tr><td>11</td><td>714</td><td>
<u>ਏਜੰਡਾ ਨੰਬਰ 11 :</u><br><br>
ਰਿਪੋਰਟ ਵਰਕਸ ਸ਼ਾਖਾ ਕਿ Civil work of C&D Plant at Dump Site Bathinda ਦੇ ਮੁਬਲਿਗ 49.49 ਲੱਖ ਰੁਪਏ ਦੇ ਟੈਂਡਰ ਮਿਤੀ 16.09.2024 ਨੂੰ ਦੂਜੀ ਵਾਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਦੋ ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>The National Coop L/C Society Ltd.</td><td>(-) 3.33%</td><td>4784198.30</td></tr>
<tr><td>2.</td><td>R B Builders</td><td>(-) 12.88%</td><td>4311568.80</td></tr>
</table>
ਉਪਰੋਕਤ ਅਨੁਸਾਰ R B Builders ਦੇ (-) 12.88% ਲੈਸ ਰੇਟ ਪ੍ਰਾਪਤ ਹੋਏ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td><td>ਪ੍ਰਵਾਨ ਹੈ।</td></tr>
<tr><td>12</td><td>715</td><td>
<u>ਏਜੰਡਾ ਨੰਬਰ 12 :</u><br><br>
ਰਿਪੋਰਟ ਵਰਕਸ ਸ਼ਾਖਾ ਕਿ Construction of New Municipal Store Opposite Rose Garden ਦੇ ਮੁਬਲਿਗ 42.30 ਲੱਖ ਰੁਪਏ ਦੇ ਟੈਂਡਰ ਮਿਤੀ 01.10.2024 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਦੋ ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>The National Coop L/C Society Ltd.</td><td>(-) 19.80%</td><td>3392460/-</td></tr>
<tr><td>2.</td><td>Sunrise Constructions</td><td>(-) 10.60%</td><td>3781620/-</td></tr>
</table>
</td><td></td></tr>
</table>

| | | | |
|---|---|---|---|
| | | ਉਪਰੋਕਤ ਅਨੁਸਾਰ The National Coop L/C Society Ltd. ਦੇ (–) 19.80% ਲੈਸ ਰੇਟ ਪ੍ਰਾਪਤ ਹੋਏ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪੈਡਿੰਗ ਰੱਖਿਆ ਜਾਂਦਾ ਹੈ।** |
| 13 | 716 | <u>**ਏਜੰਡਾ ਨੰਬਰ 13 :**</u><br>ਰਿਪੋਰਟ ਵਰਕਸ ਸ਼ਾਖਾ ਕਿ Repair and Renovation of Commissioner Residence A-2 Municipal Colony, Bathinda ਦੇ ਮੁਬਲਿਗ 43.45 ਲੱਖ ਰੁਪਏ ਦੇ ਟੈਂਡਰ ਮਿਤੀ 01.10.2024 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਚਾਰ ਟੈਂਡਰ ਪ੍ਰਾਪਤ ਹੋਏ ਹਨ:<br><br>**ਲੜੀ ਨੰ:** \| **ਏਜੰਸੀ ਦਾ ਨਾਮ** \| **ਓਵਰਆਲ ਲੈਸ** \| **ਟੈਂਡਰ ਕੀਤੀ ਰਕਮ**<br>1. \| Sita Ram Contractor \| (–) 24.77% \| 3268743/50<br>2. \| The Jamuna Coop L/C Society Ltd. \| (–) 19.23% \| 3509456/50<br>3. \| Gupta Trading Company \| (–) 16.90% \| 3610695/-<br>4. \| Panav Contraction Company \| (–) 17.59% \| 3580714/50<br><br>ਉਪਰੋਕਤ ਅਨੁਸਾਰ Sita Ram Contractor ਦੇ (–) 24.77% ਲੈਸ ਰੇਟ ਪ੍ਰਾਪਤ ਹੋਏ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪਾਸ ਕੀਤਾ ਜਾਂਦਾ ਹੈ ਕਿ ਬਿਲਡਿੰਗ ਦੇ Existing Structure ਨੂੰ ਬਦਲੇ ਬਿਨਾਂ ਲੋੜੀਂਦੀ ਰਿਪੇਅਰ ਕਰਵਾਈ ਜਾਵੇ। ਲੋੜੀਂਦੀ ਰਿਪੇਅਰ ਤੋਂ ਇਲਾਵਾ ਲੋੜੀਂਦਾ ਫਰਨੀਚਰ ਖਰੀਦ ਕਰਨ ਅਤੇ ਫਰਨੀਸ਼ਿੰਗ ਕਰਨ ਤੇ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |
| 14 | 717 | <u>**ਏਜੰਡਾ ਨੰਬਰ 14 :**</u><br>ਰਿਪੋਰਟ ਵਰਕਸ ਸ਼ਾਖਾ ਕਿ P/Fixing of LED Street Light for Raja Bagh Adarsh Nagar in Bathinda City ਦੇ ਮੁਬਲਿਗ 8.69 ਲੱਖ ਰੁਪਏ ਦੇ ਕੰਮ ਦਾ ਟੈਂਡਰ ਮਾਨਯੋਗ ਹਾਊਸ ਦੀ ਪ੍ਰਵਾਨਗੀ ਉਪਰੰਤ ਲਗਾਇਆ ਗਿਆ ਸੀ, ਜਿਸਦੇ ਰੇਟਾਂ ਦੀ ਪ੍ਰਵਾਨਗੀ ਹਿੱਤ ਫਾਇਲ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਭੇਜੀ ਗਈ ਸੀ। ਵਿੱਤ ਅਤੇ ਠੇਕਾ ਕਮੇਟੀ ਵੱਲੋਂ ਆਪਣੇ ਮਤਾ ਨੰਬਰ 593 ਮਿਤੀ 04.03.2024 ਰਾਹੀਂ ਇਸ ਫਾਇਲ ਨੂੰ ਪੈਡਿੰਗ ਰੱਖਿਆ ਗਿਆ ਸੀ। ਸਬੰਧਤ ਵਾਰਡ ਕੌਂਸਲਰ ਵੱਲੋਂ ਇਸ ਕੰਮ ਨੂੰ ਜਲਦੀ ਕਰਵਾਉਣ ਲਈ ਕਿਹਾ ਜਾ ਰਿਹਾ ਹੈ।<br>ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਪੰਜ ਟੈਂਡਰ ਪ੍ਰਾਪਤ ਹੋਏ ਹਨ:<br><br>**ਲੜੀ ਨੰ:** \| **ਏਜੰਸੀ ਦਾ ਨਾਮ** \| **ਓਵਰਆਲ ਲੈਸ** \| **ਟੈਂਡਰ ਕੀਤੀ ਰਕਮ**<br>1. \| M.M. International \| (–) 10.27% \| 779753/70<br>2. \| Brar Electrical and Company \| (–) 21.22% \| 684598/20<br>3. \| Guru Nanak Electric Company \| (–) 34.85% \| 566153/50<br>4. \| Guru Nanak Traders \| (–) 28.87% \| 618119/70<br>5. \| Jai Durga Electricals \| (–) 48.00% \| 451880/- | |

| | | | |
|---|---|---|---|
| | | ਇਸ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਆਗਾਮੀ ਮੀਟਿੰਗ ਵਿੱਚ ਇਸ ਫਾਇਲ ਤੇ ਮੁੜ੍ਹ ਤੋਂ ਵਿਚਾਰ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।<br><br>ਉਪਰੋਕਤ ਅਨੁਸਾਰ Jai Durga Elecctricals ਦੇ (–) 48.00% ਲੈਸ ਰੇਟ ਪ੍ਰਾਪਤ ਹੋਏ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 15 | 718 | **ਏਜੰਡਾ ਨੰਬਰ 15 :**<br><br>ਰਿਪੋਰਟ ਵਰਕਸ ਸ਼ਾਖਾ ਕਿ Providing Lighting of Dark Spots in Bathinda City ਦੇ ਦੇ ਮੁਬਲਿਗ 34.56 ਲੱਖ ਰੁਪਏ ਦੇ ਕੰਮ ਦਾ ਟੈਂਡਰ ਮਾਨਯੋਗ ਹਾਊਸ ਦੀ ਪ੍ਰਵਾਨਗੀ ਉਪਰੰਤ ਲਗਾਇਆ ਗਿਆ ਸੀ, ਜਿਸਦੇ ਰੇਟਾਂ ਦੀ ਪ੍ਰਵਾਨਗੀ ਹਿੱਤ ਫਾਇਲ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਭੇਜੀ ਗਈ ਸੀ। ਵਿੱਤ ਅਤੇ ਠੇਕਾ ਕਮੇਟੀ ਵੱਲੋਂ ਆਪਣੇ ਮਤਾ ਨੰਬਰ 616 ਮਿਤੀ 04.03.2024 ਰਾਹੀਂ ਇਸ ਫਾਇਲ ਨੂੰ ਪੈਡਿੰਗ ਰੱਖਿਆ ਗਿਆ ਸੀ। ਸਬੰਧਤ ਵਾਰਡ ਕੌਂਸਲਰ ਵੱਲੋਂ ਇਸ ਕੰਮ ਨੂੰ ਜਲਦੀ ਕਰਵਾਉਣ ਲਈ ਕਿਹਾ ਜਾ ਰਿਹਾ ਹੈ।<br><br>ਇਸ ਕੰਮ ਸਬੰਧੀ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ:<br><br>**ਲੜੀ ਨੰ:** / **ਏਜੰਸੀ ਦਾ ਨਾਮ** / **ਓਵਰਆਲ ਲੈਸ** / **ਟੈਂਡਰ ਕੀਤੀ ਰਕਮ**<br>1. / Brar Electrical and Company / (–) 29.11% / 2449958/40<br>2. / Jai Durga Electricals / (–) 43.00% / 1969920/-<br>3. / Guru Nanak Traders / (–) 37.87% / 2147212/80<br><br>ਇਸ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਆਗਾਮੀ ਮੀਟਿੰਗ ਵਿੱਚ ਇਸ ਫਾਇਲ ਤੇ ਮੁੜ੍ਹ ਤੋਂ ਵਿਚਾਰ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।<br><br>ਉਪਰੋਕਤ ਅਨੁਸਾਰ Jai Durga Electricals ਦੇ (–) 43.00% ਲੈਸ ਰੇਟ ਪ੍ਰਾਪਤ ਹੋਏ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| | | | |

<table>
<tr><td colspan="4"><u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡਾ ਤੇ ਵਿਚਾਰ ਕੀਤਾ ਗਿਆ:</u></td></tr>
<tr><td>1.</td><td>719</td><td><u>ਏਜੰਡਾ ਨੰਬਰ 1 :</u><br><br>ਰਿਪੋਰਟ ਸਟੋਰਕੀਪਰ ਕਿ ਫਾਇਰ ਸਟਾਫ ਮੁਲਾਜ਼ਮਾਂ ਨੂੰ ਸਾਲ 2023-2024 ਦੀਆਂ ਵਰਦੀਆਂ ਦੇਣ ਲਈ Supply of Uniform for Fire Brigade Staff ਦੇ ਮੁਬਲਿਗ 10.58 ਲੱਖ ਰੁਪਏ ਦੇ ਟੈਂਡਰ ਮਿਤੀ 25.11.2024 ਨੂੰ ਮੰਗੇ ਗਏ ਸਨ। ਇਸ ਬਾਬਤ ਹੇਠ ਲਿਖੇ ਅਨੁਸਾਰ ਚਾਰ ਟੈਂਡਰ ਪ੍ਰਾਪਤ ਹੋਏ ਹਨ:<br><br>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>AAR AAR Enterprises</td><td>(-) 26.26%</td><td>780169/20</td></tr>
<tr><td>2.</td><td>V.P. Enterprises</td><td>(-) 6.11%</td><td>993356/20</td></tr>
<tr><td>3.</td><td>Panav Contraction Company</td><td>(-) 28.11%</td><td>760596/20</td></tr>
<tr><td>4.</td><td>Jugaadh Fire Solutions Private Limited</td><td>(-) 24.13%</td><td>802704/60</td></tr>
</table>
ਉਪਰੋਕਤ ਅਨੁਸਾਰ Panav Contraction Company ਦੇ (-) 28.11% ਲੈਸ ਮੁਬਲਿਗ 760596/- ਰੁਪਏ ਰੇਟ ਪ੍ਰਾਪਤ ਹੋਏ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>2.</td><td>720</td><td><u>ਏਜੰਡਾ ਨੰਬਰ 2 :</u><br><br>ਰਿਪੋਰਟ ਤਹਿਬਾਜਾਰੀ ਸ਼ਾਖਾ ਕਿ ਮਲਟੀਲੇਵਲ ਕਾਰ ਪਾਰਕਿੰਗ ਦੇ ਠੇਕੇਦਾਰ ਵੱਲੋਂ ਬੇਨਤੀ ਕੀਤੀ ਹੈ ਕਿ ਵਪਾਰ ਅਤੇ ਭਾਈਚਾਰਕ ਸਾਂਝ ਬਚਾਓ ਸੰਘਰਸ਼ ਕਮੇਟੀ ਬਠਿੰਡਾ ਵੱਲੋਂ ਟੋਅ ਵੈਨ ਦੇ ਵਿਰੋਧ ਵਿੱਚ ਹੋਏ ਰੋਸ ਕਾਰਨ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੇ ਹੋਏ ਜੁਬਾਨੀ ਹੁਕਮਾਂ ਦੀ ਪਾਲਣਾਂ ਵਿੱਚ ਉਸ ਵੱਲੋਂ ਮਿਤੀ 12.08.2024 ਤੋਂ ਹੁਣ ਤੱਕ ਲਗਭਗ 50 ਦਿਨਾਂ ਲਈ ਟੋਅ-ਵੈਨ ਬੰਦ ਕਰ ਦਿੱਤੀ ਗਈ ਸੀ। ਜਿਸ ਕਾਰਨ ਉਸਨੂੰ 50,000/- ਰੁਪਏ ਪ੍ਰਤੀ ਦਿਨ ਦਾ ਨੁਕਸਾਨ ਹੋ ਰਿਹਾ ਹੈ।<br>ਇਸ ਸਬੰਧੀ ਰਿਪੋਰਟ ਕੀਤੀ ਜਾਂਦੀ ਹੈ ਕਿ ਠੇਕੇਦਾਰ ਵੱਲੋਂ ਐਗਰੀਮੈਂਟ ਅਨੁਸਾਰ ਸ਼ਹਿਰ ਵਿੱਚ ਟੋਅ ਵੈਨ ਚਲਾਈ ਜਾ ਰਹੀ ਸੀ। ਟੋਅ ਵੈਨ ਦੇ ਵਿਰੋਧ ਵਿੱਚ ਸ਼ਹਿਰ ਦੇ ਵਪਾਰ ਅਤੇ ਭਾਈਚਾਰਕ ਸਾਂਝ ਬਚਾਓ ਕਮੇਟੀ ਵੱਲੋਂ ਵਿਰੋਧ ਕਰਨ ਤੇ ਮਿਤੀ 12.08.2024 ਤੋਂ ਬੰਦ ਕਰ ਦਿੱਤੀ ਗਈ ਸੀ। ਡਿਪਟੀ ਕਮਿਸ਼ਨਰ ਦਫਥਰ ਰਾਹੀਂ ਪ੍ਰਾਪਤ ਹੋਈ ਵਪਾਰ ਮੰਡਲ ਦੀ ਸ਼ਕਾਇਤ ਨਿਗਮ ਦੇ ਹਾਊਸ ਦੀ ਮੀਟਿੰਗ ਮਿਤੀ 23.08.2024 ਵਿੱਚ ਵਿਚਾਰੀ ਗਈ। ਹਾਊਸ ਵੱਲੋਂ ਆਪਣੇ ਮਤਾ ਨੰਬਰ 326 ਮਿਤੀ 23.08.2024 ਰਾਹੀਂ ਗੱਡੀਆਂ ਟੋਅ ਕਰਨ ਸਬੰਧੀ ਕੁੱਝ ਅਮੈਂਡਮੈਂਟ ਕੀਤੀ ਗਈ ਅਤੇ ਇਸ ਸਬੰਧੀ ਸਬ-ਕਮੇਟੀ ਦਾ ਵੀ ਗਠਣ ਕੀਤਾ ਗਿਆ।ਸਬ-ਕਮੇਟੀ ਵੱਲੋਂ ਵਪਾਰ ਮੰਡਲ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ ਗਈਆਂ। ਸਬ-ਕਮੇਟੀ ਵੱਲੋਂ ਮਿਤੀ 30.09.2024 ਨੂੰ ਕੀਤੀ ਗਈ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-<br>1. ਇਹ ਕਿ ਟੋਅ-ਵੈਨ ਜ਼ੋਨ ਵਿੱਚ ਸਵੇਰੇ 9.00 ਵਜੇ ਤੋਂ ਰਾਤ 9.00 ਵਜੇ ਤੱਕ ਵਹੀਕਲ ਟੋਅ ਕੀਤੇ ਜਾਣੇ ਹਨ।</td><td></td></tr>
</table>

2. ਜੁਰਮਾਨੇ ਸਬੰਧੀ ਸਿਰਫ Digital/Electronic ਪਰਚੀ ਨਿਗਮ ਦੇ ਮੁਲਾਜ਼ਮ ਵੱਲੋਂ ਹੀ ਕੱਟੀ ਜਾਵੇਗੀ ਅਤੇ ਨਿਗਮ ਦੀ ਗਾਰਦ ਦਾ ਇੱਕ ਪੁਲਿਸ ਮੁਲਾਜ਼ਮ ਟੋਅ-ਵੈਨ ਨਾਲ ਮੋਜੂਦ ਰਹੇਗਾ।
3. ਵਹੀਕਲ ਟੋਅ ਕਰਨ ਲਈ ਟੋਅ-ਵੈਨ, ਡਰਾਈਵਰ ਅਤੇ ਹੈਲਪਰ ਠੇਕੇਦਾਰ ਵੱਲੋਂ ਮੁੱਹਈਆ ਕਰਵਾਏ ਜਾਣਗੇ।
4. ਟੋਅ ਕੀਤੀਆਂ ਗੱਡੀਆਂ ਦੇ ਭਰੇ ਗਏ ਚਲਾਨਾਂ/ਰਸੀਦਾਂ ਦੀ ਰਕਮ ਇੱਕ ਵੱਖਰੇ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ।
5. ਟੋਅ/ਗਲਤ ਪਾਰਕ ਕੀਤੀਆਂ ਗਈਆਂ ਦੇ ਜੁਰਮਾਨੇ ਦੀ ਰਕਮ 800/- ਰੁਪਏ ਹੋਵੇਗੀ ਅਤੇ ਇਸ ਦਾ ਹਿਸਾਬ ਠੇਕੇਦਾਰ ਨਾਲ ਹਰ ਹਫਤੇ ਕੀਤਾ ਜਾਵੇਗਾ।
6. ਟੋਅ ਵੈਨ ਉਪਰ ਨਿਗਮ ਵੱਲੋਂ ਕੈਮਰਾ ਅਤੇ ਪਬਲਿਕ ਐਡਰੇਸ ਸਿਸਟਮ ਲਗਾਇਆ ਜਾਵੇਗਾ।

ਪਾਰਕਿੰਗ ਠੇਕੇਦਾਰ ਵੱਲੋਂ ਮਿਤੀ 21.06.2023 ਤੋਂ 11.08.2024 ਤੱਕ ਹੇਠ ਲਿਖੇ ਅਨੁਸਾਰ ਗੱਡੀਆਂ ਟੋਅ ਕੀਤੀਆਂ ਗਈਆਂ ਸਨ:

**Detail of Wrong Parking/Tow Away Charges**

| S.No. | Particular | Penalty Rate | No. of Vehicles | Total Amount Collected | Paid to MCB |
|---|---|---|---|---|---|
| 1 | Wrong Parking/ On spot Challan | 500 | 13487 | 67,43,500 | 0 |
| 2 | Tow Away to MLCP | 800 | 4409 | 35,27,200 | 13,22,800 |
| | **Total** | | **17896** | **1,02,70,700** | **13,22,800** |

ਉਕਤ ਅਨੁਸਾਰ ਟੋਅ ਕੀਤੀਆਂ ਕੁੱਲ 17,896 ਗੱਡੀਆਂ ਦੀ 1 ਦਿਨ ਦੀ ਔਸਤ 49 ਗੱਡੀਆਂ 500/- ਰੁਪਏ ਦੇ ਹਿਸਾਬ ਨਾਲ ਮੁਬਲਿਗ 24,500/- ਰੁਪਏ ਪ੍ਰਤੀ ਦਿਨ ਠੇਕੇਦਾਰ ਨੂੰ ਵਿੱਤੀ ਨੁਕਸਾਨ ਹੋ ਰਿਹਾ ਹੈ ਅਤੇ ਮਿਤੀ 12.08.2024 ਤੋਂ 02.10.2024 ਤੱਕ ਕੁੱਲ 52 ਦਿਨਾਂ ਦਾ 12,74,000/- ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਰਕਮ ਨੂੰ ਅਗਲੀ ਕਿਸ਼ਤ ਮਿਤੀ 10.10.2024 ਤੋਂ 09.12.2024 ਤੱਕ ਦੀ ਬਣਦੀ ਕਿਸ਼ਤ 11,61,333 + 20,90,400 (ਜੀਐਸਟੀ 18%) + 26,711 (ਟੀਸੀਐਸ 2.30%) = ਕੁੱਲ 13,97,084/- ਰੁਪਏ ਵਿੱਚ ਅਡਜੱਸਟ ਕਰਨ ਦੀ ਪ੍ਰਵਾਨਗੀ ਦੇਣ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।

ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਵੱਲੋਂ ਪੁੱਛਿਆ ਗਿਆ ਕਿ "Has Office ever stopped the work of Parking? Why should we compensate"?

ਇਸਤੇ ਰਿਪੋਰਟ ਕੀਤੀ ਜਾਂਦੀ ਹੈ ਕਿ ਵਪਾਰ ਅਤੇ ਭਾਈਚਾਰਜ਼ ਸਾਂਝ ਬਚਾਓ ਸੰਘਰਸ਼ ਕਮੇਟੀ ਬਠਿੰਡਾ ਵੱਲੋਂ ਟੋਅ ਵੈਨ ਦੇ ਰੋਸ ਵਿੱਚ ਸ਼ਹਿਰ ਵਿੱਚ ਧਰਨੇ ਲਗਾਏ ਗਏ ਸੀ। ਜਿਸ ਕਾਰਨ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਢਾ ਜੀ ਦੇ ਜੁਬਾਨੀ ਹੁਕਮਾਂ ਦੀ ਪਾਲਣਾਂ ਵਿੱਚ ਮਿਤੀ 12.08.2024 ਨੂੰ ਟੋਅ ਵੈਨ ਬੰਦ ਕਰ ਦਿੱਤੀ ਗਈ ਸੀ। ਇਸ ਉਪਰੰਤ Dispute ਨੂੰ Resolve ਕਰਨ ਲਈ ਇਹ ਕੇਸ ਨਿਗਮ ਦੀ ਜਨਰਲ ਹਾਊਸ ਦੀ ਮੀਟਿੰਗ ਵਿੱਚ ਮਿਤੀ 23.08.2024 ਵਿੱਚ ਪੁੱਟ ਕੀਤਾ ਗਿਆ। ਹਾਊਸ ਵੱਲੋਂ ਆਪਣੇ ਮਤਾ ਨੰਬਰ 326 ਮਿਤੀ 23.08.2024 ਰਾਹੀਂ ਗੱਡੀਆਂ ਟੋਅ ਕਰਨ ਸਬੰਧੀ ਕੁੱਝ Amendments ਕੀਤੀਆਂ ਗਈਆਂ ਅਤੇ ਇਸ ਸਬੰਧੀ ਸਬ-ਕਮੇਟੀ ਦਾ

| | | | |
|---|---|---|---|
| | | ਗਠਣ ਕੀਤਾ ਗਿਆ। ਸਬ-ਕਮੇਟੀ ਵੱਲੋਂ ਵਪਾਰ ਅਤੇ ਭਾਈਚਾਰਕ ਸਾਂਝ ਬਚਾਓ ਸੰਘਰਸ਼ ਕਮੇਟੀ ਬਠਿੰਡਾ ਨਾਲ ਟੋਅ-ਵੈਨ ਦੇ ਮਸਲੇ ਤੇ ਮਿਤੀ 09.09.2024 ਅਤੇ 20.09.2024 ਨੂੰ ਮੀਟਿੰਗਾਂ ਕੀਤੀਆਂ ਗਈਆਂ। ਸਬ-ਕਮੇਟੀ ਦੀ ਮੀਟਿੰਗ ਮਿਤੀ 30.09.2024 ਨੂੰ ਟੋਅ-ਵੈਨ ਦੁਆਰਾ ਚਲਾਉਣ ਦਾ ਫੈਸਲਾ ਕੀਤਾ ਗਿਆ। ਟੋਅ-ਵੈਨ ਮਿਤੀ 03.10.2024 ਨੂੰ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਸ਼ਹਿਰ ਵਿੱਚ ਚਲਾਈ ਗਈ:<br><br>1. ਇਹ ਕਿ ਟੋਅ-ਵੈਨ ਜ਼ੋਨ ਵਿੱਚ ਸਵੇਰੇ 9.00 ਵਜੇ ਤੋਂ ਰਾਤ 9.00 ਵਜੇ ਤੱਕ ਵਹੀਕਲ ਟੋਅ ਕੀਤੇ ਜਾਣੇ ਹਨ।<br>2. ਜੁਰਮਾਨੇ ਸਬੰਧੀ ਸਿਰਫ Digital/Electronic ਪਰਚੀ ਨਿਗਮ ਦੇ ਮੁਲਾਜ਼ਮ ਵੱਲੋਂ ਹੀ ਕੱਟੀ ਜਾਵੇਗੀ ਅਤੇ ਨਿਗਮ ਦੀ ਗਾਰਦ ਦਾ ਇੱਕ ਪੁਲਿਸ ਮੁਲਾਜ਼ਮ ਟੋਅ-ਵੈਨ ਨਾਲ ਮੌਜੂਦ ਰਹੇਗਾ।<br>3. ਵਹੀਕਲ ਟੋਅ ਕਰਨ ਲਈ ਟੋਅ-ਵੈਨ, ਡਰਾਈਵਰ ਅਤੇ ਹੈਲਪਰ ਠੇਕੇਦਾਰ ਵੱਲੋਂ ਮੁੱਹਈਆ ਕਰਵਾਏ ਜਾਣਗੇ।<br>4. ਟੋਅ ਕੀਤੀਆਂ ਗੱਡੀਆਂ ਦੇ ਭਰੇ ਗਏ ਚਲਾਨਾਂ/ਰਸੀਦਾਂ ਦੀ ਰਕਮ ਇੱਕ ਵੱਖਰੇ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ।<br>5. ਟੋਅ/ਗਲਤ ਪਾਰਕ ਕੀਤੀਆਂ ਗਈਆਂ ਦੇ ਜੁਰਮਾਨੇ ਦੀ ਰਕਮ 800/- ਰੁਪਏ ਹੋਵੇਗੀ ਅਤੇ ਇਸ ਦਾ ਹਿਸਾਬ ਠੇਕੇਦਾਰ ਨਾਲ ਹਰ ਹਫਤੇ ਕੀਤਾ ਜਾਵੇਗਾ।<br>6. ਟੋਅ ਵੈਨ ਉਪਰ ਨਿਗਮ ਵੱਲੋਂ ਕੈਮਰਾ ਅਤੇ ਪਬਲਿਕ ਐਡਰੇਸ ਸਿਸਟਮ ਲਗਾਇਆ ਜਾਵੇਗਾ। | **ਕਿਉਂ ਜੋ ਬਾਜਾਰਾਂ ਦੇ ਦੁਕਾਨਦਾਰਾਂ ਵੱਲੋਂ ਗਲਤ ਪਾਰਕਿੰਗ ਵਹੀਕਲਜ਼ ਨੂੰ ਟੋਅ ਕਰਨ ਦੇ ਖਿਲਾਫ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਵਪਾਰੀਆਂ ਵੱਲੋਂ 15 ਅਗਸਤ 2024 ਨਾਂ ਮਨਾਉਣ ਅਤੇ ਇਸ ਦਿਨ ਧਰਨਾ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਲਈ ਮੌਕੇ ਦੀ ਨਜਾਕਤ ਨੂੰ ਦੇਖਦੇ ਹੋਏ ਪ੍ਰਸ਼ਾਸਨ ਵੱਲੋਂ ਠੇਕੇਦਾਰ ਦੀ ਟੋਅ-ਵੈਨ ਬੰਦ ਕਰਵਾ ਦਿੱਤੀ ਗਈ ਸੀ। ਜਿਸ ਕਾਰਨ ਠੇਕੇਦਾਰ ਵੱਲੋਂ ਦਰਖਾਸਤ ਦਿੱਤੀ ਗਈ ਹੈ, ਜੋ ਕਿ ਸਹਿਮਤੀ ਨਾਲ ਪ੍ਰਵਾਨ ਕਰਦੇ ਹੋਏ ਪਾਸ ਕੀਤਾ ਜਾਂਦਾ ਹੈ ਕਿ ਠੇਕੇਦਾਰ ਨੂੰ ਹੋਏ ਨੁਕਸਾਨ ਦੀ ਭਰਪਾਈ ਅਡਜੱਸਟ ਕੀਤੀ ਜਾਵੇ ਅਤੇ ਜੇਕਰ ਇਸ ਸਬੰਧੀ ਕੋਈ ਆਡਿਟ ਇਤਰਾਜ਼ ਪ੍ਰਾਪਤ ਹੁੰਦਾ ਹੈ ਤਾਂ ਉਸਦੀ ਭਰਪਾਈ ਸਬੰਧਤ ਠੇਕੇਦਾਰ ਪਾਸੋਂ ਕਰਵਾਈ ਜਾਵੇ।** |

ਸਹੀ/-
ਕਾਰਜਕਾਰੀ ਮੇਅਰ-ਕਮ-
ਸੀਨੀਅਰ ਡਿਪਟੀ ਮੇਅਰ
ਨਗਰ ਨਿਗਮ, ਬਠਿੰਡਾ।